੧ ੴ ਵਾਹਿਗੁਰੂ ਜੀ ਕੀ ਫ਼ਤਹਿ ॥

ਵਿਦਿਆ, ਗਿਆਨ, ਕਾਵਿ-ਰਸ ਸਿੰਜਕੇ, ਇਹ 'ਫੁਲਵਾੜੀ' ਲਾਈ ਏ !
ਪੱਤ-ਝੜਿ ਕਦੀ ਨ ਇਸ ਤੇ ਆਵੇ, ਸਦਾ ਬਸੰਤ ਸੁਹਾਈ ਏ !

ਪੰਜਾਬੀ ਦਾ ਸਿਰਤਾਜ ਮਾਸਕ ਪੱਤਰ

# ਫੁਲਵਾੜੀ

ਲਾਹੌਰ.

ਫੁਲਵਾੜੀ ਟੈਕਸਟ ਬੁਕ ਕਮੇਟੀ ਸੂਬਾ ਪੰਜਾਬ ਤੇ ਸਿੱਖ ਐਜੂਕੇਸ਼ਨਲ ਕਮੇਟੀ ਚੀਫ਼ ਖਾਲਸਾ ਦੀਵਾਨ ਵਲੋਂ ਸਕੂਲਾਂ ਲਈ ਮਨਜ਼ੂਰ ਕੀਤੀ ਗਈ ਹੈ ਅਤੇ ਬਹੁਤ ਸਾਰੇ ਡਿਸਟ੍ਰਿਕਟ ਬੋਰਡਾਂ ਨੇ ਰੂਰਲ ਲਾਇਬ੍ਰੇਰੀਆਂ, ਸਕੂਲਾਂ ਤੇ ਕੰਨਿਆਂ ਪਾਠਸ਼ਾਲਾਂ ਲਈ ਇਸਨੂੰ ਖ਼੍ਰੀਦਿਆ ਹੈ।

ਵਰ੍ਹਾ ਸਤਵਾਂ ਅੰਕ ੮ | ਜੇਠ–ਹਾੜ ਸੰ: ਬਿ: ੧੯੮੮, ਨਾ: ੪੬੨, ਜੂਨ ੧੯੩੧ | ਪੂਰਨ ਅੰਕ ੮੦

## ਲੇਖ–ਸੂਚੀ.


| ਨੰ: ਲੇਖ | | ਲੇਖਕ | ਸਫ਼ਾ |
|---|---|---|---|
| ੧. ਕਵਿਤਾ | | ਸ: ਦਰਸ਼ਨ ਸਿੰਘ ਜੀ ਜਿਹਲਮੀ | ੫੩੯ |
| ੨. ਸੰਪਾਦਕੀ ਵਿਚਾਰਾਂ | | ਐਡੀਟਰ | ੫੪੦ |
| ੩. ਮਹਾਰਾਜਾ ਰਣਜੀਤ ਸਿੰਘ ਜੀ | | ਸ: ਰੀਡਾ ਸਿੰਘ ਜੀ 'ਕੇਵਲ' | ੫੪੫ |
| ੪. ਰੀਵੀਉ | | ਐਡੀਟਰ | ੫੫੨-੬੦੭ |
| ੫. ਹੇਮ-ਕੁੰਟ ਪਰਬਤ | | ਸ: ਸ਼ੇਰ ਸਿੰਘ ਜੀ ਐਮ. ਐਸ. ਸੀ. | ੫੫੩ |
| ੬. ਪ੍ਰੋ: ਪੂਰਨ ਸਿੰਘ ਜੀ | | ਭਾਈ ਸਾਹਿਬ ਭਾਈ ਵੀਰ ਸਿੰਘ ਜੀ | ੫੬੦ |
| ੭. ਪ੍ਰੋ: ਪੂਰਨ ਸਿੰਘ ਜੀ | | ਸ: ਗੁਰਪਾਲ ਸਿੰਘ ਜੀ 'ਲੰਡਨ' | ੫੬੧ |
| ੮. ਅੰਤਮ ਦਰਸ਼ਨ | (ਕਵਿਤਾ) | ਬੀਬੀ ਹਰਨਾਮ ਕੌਰ ਜੀ ਨਾਭਾ | ੫੬੪ |
| ੯. ਮੇਰੀ ਜਾਨ | ” | ਲਾ: ਸੁੰਦਰ ਦਾਸ ਜੀ 'ਆਸੀ' | ੫੬੫ |
| ੧੦. ਉਲਥਾ | | ਵਲੋਂ "ਰ" "ਤ" | ੫੬੬ |
| ੧੧. ਭਾਬੀ | (ਕਹਾਣੀ) | ਬੀ. ਐਸ. ਗੁਜਰਖਾਨੀ | ੫੬੯ |
| ੧੨. ਜ਼ਮੀਰ ਦਾ ਖ਼ੂਨ | ” | ਬੀਬੀ ਸ਼ਮਸ਼ੇਰ ਕੌਰ ਜੀ ਡੇਹਰਾਦੂਨ | ੫੮੦ |
| ੧੩. ਪੰਜਾਬੀ ਗੀਤ | | ਪੰ.ਰਾਮਸਰਨ ਜੀ ਬੀ.ਏ.ਐਲ.ਐਲ.ਬੀ.ਐ: ਲਾਹੌਰ | ੫੮੬ |
| ੧੪. ਡੁਬਦੇ ਸੂਰਜ ਤੇ ਚੱਕਵੀ ਦੀ ਹਾਲਤ | | ਸ: ਲਾਲ ਸਿੰਘ ਜੀ 'ਗਿਲ' | ੫੮੬ |
| ੧੫. ਖੇਤੀ ਬਾੜੀ | | ਮਹਿਕਮਾ ਖੇਤੀ ਬਾੜੀ ਵਲੋਂ | ੫੯੦ |
| ੧੬. ਰਾਜ ਮਾਤਾ ਮਹਾਰਾਣੀ ਜਿੰਦਾਂ ਦਾ ਵਿਰਲਾਪ | | 'ਜੋਗੀ' ਜੀ ਬੀ. ਏ. | ੫੯੨ |
| ੧੭. ਸਿਖਿਆ ਭਰੀਆਂ ਚਿਠੀਆਂ | | ਸ: ਨਾਨਕ ਸਿੰਘ ਜੀ ਬੀ. ਏ. ਐਲ. ਐਲ. ਬੀ. | ੫੯੩ |
| ੧੮. ਫੁਲਵਾੜੀ ਡਾਇਰੀ | | ਜਾਂ: ਐਡੀਟਰ | ੬੦੫ |
| ੧੯. ਪੰਥਕ ਕਿਆਰੀ | | ਐਡੀਟਰ | ੬੧੩ |

# ਪ੍ਰੇਮ-ਕਾਂਗਾਂ

## ਪੰਜਾਬ ਦੇ ਗੀਤ.

[ਵਲੋਂ—ਸ੍ਰੀ ਮਾਨ ਪੰਡਤ ਰਾਮ ਸਰਨ ਜੀ ਬੀ. ਏ. ਐਲ. ਐਲ. ਬੀ. ਐਡਵੋਕੇਟ ਲਾਹੌਰ]

ਮੈਂ ਪਿਛਲੇ ਸਤ ਅੱਠ ਸਾਲਾਂ ਤੋਂ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਦੇ ਗੀਤ ਇਕੱਠੇ ਕਰ ਰਿਹਾ ਹਾਂ। ਜਿਵੇਂ ਜਿਵੇਂ ਮੈਂ ਨਵੇਂ ਗੀਤ ਸੁਣਦਾ ਹਾਂ, ਮੇਰੇ ਦਿਲ ਵਿਚ ਖ਼ਿਆਲ ਆਉਂਦਾ ਏ ਕਿ ਸਾਡੇ ਦੇਸ ਦੇ ਗੀਤ ਬੜੇ ਸੁੰਦਰ ਮਨ-ਲੁਭਾਉਣੇ ਤੇ ਕਵਿਤਾ-ਰਸ ਵਿਚ ਪੂਰੇ ਨੇ, ਤੇ ਇਸ ਲਾਇਕ ਨੇ ਕਿ ਅਸੀ ਓਹਨਾਂ ਨੂੰ ਮੇਹਨਤ ਨਾਲ ਇਕੱਠਾ ਕਰਕੇ ਨਾਸ ਹੋਵਣ ਤੋਂ ਬਚਾ ਲਈਏ। ਮੈਨੂੰ ਇਹ ਗੀਤ ਇਕੱਠੇ ਕਰਨ ਵਾਸਤੇ ਬੜੀ ਮੁਸ਼ਕਲ ਇਹ ਹੈ ਕਿ ਪੜ੍ਹੇ ਲਿਖੇ ਭੈਣਾਂ ਤੇ ਭਰਾਵਾਂ ਨੂੰ ਇਹ ਗੀਤ ਆਉਂਦੇ ਹੀ ਨਹੀਂ ਤੇ ਅਨਪੜ੍ਹ ਭੈਣਾਂ ਸ਼ਰਮ ਦੇ ਮਾਰੇ ਗੀਤ ਸੁਣਾਉਂਦੀਆਂ ਨਹੀਂ, ਮੈਂ ਕੋਈ ਇਕ ਹਜ਼ਾਰ ਦੇ ਕਰੀਬ ਗਾਉਣ ਇਕੱਠੇ ਕੀਤੇ ਨੇ, ਘੋੜੀਆਂ, ਸੁਹਾਗ, ਕਾਮਣ, ਸਿਠਣੀਆਂ, ਬੋਲੀਆਂ, ਟੱਪੇ, ਢੋਲਕੀ ਦੇ ਗੀਤ, ਭੈਣਾਂ ਭਰਾਵਾਂ ਦੇ ਗੀਤ, ਸਸ ਨੂੰਹ ਦੇ ਗੀਤ, ਜੰਮਣੀ ਦੇ ਗੀਤ, ਲੜਕੀ ਦੇ ਵਿਦਾ ਹੋਣ ਦੇ ਗੀਤ, ਪਹਾੜੀ ਜ਼ਬਾਨ ਦੇ ਗੀਤ, ਲਹਿੰਦੀ ਜ਼ਬਾਨ ਦੇ ਗੀਤ, ਲੰਮੇ ਗੀਤ, ਸਾਵਣ ਦੇ ਗੀਤ, ਛੋਟੇ ਬੱਚਿਆਂ ਦੇ ਗੀਤ; ਸਭ ਗੀਤ ਇਕੱਠੇ ਕਰਣ ਦਾ ਜਤਨ ਕੀਤਾ ਏ, ਪਰ ਫਿਰ ਵੀ ਮੇਰੇ ਖਿਆਲ ਵਿਚ ਮੇਰਾ ਜ਼ਖੀਰਾ ਪੂਰਾ ਨਹੀਂ, ਮੈਂ ਵੰਨਗੀ ਦੇ ਤੌਰ ਤੇ ਕੁਝ ਗੀਤ ਹਰ ਮਹੀਨੇ ਫੁਲਵਾੜੀ ਵਿਚ ਛਪਵਾ ਦਿਆ ਕਰਾਂਗਾ; ਜਿਹੜੇ ਭੈਣ ਭਰਾ ਮੇਰੀ, ਇਸ ਕੰਮ ਵਿਚ ਮੱਦਦ ਕਰਨਾ ਚਾਹੁਣ, ਓਹ ਮੈਨੂੰ ਨਵੇਂ ਤੇ ਪੁਰਾਣੇ ਗੀਤ ਲਿਖਕੇ ਭੇਜ ਦੇਣ। ਇਸ ਤਰ੍ਹਾਂ ਮੇਰਾ ਜ਼ਖੀਰਾ ਹੋਰ ਚੰਗਾ ਹੋ ਜਾਵੇਗਾ ਤੇ ਪੰਜਾਬੀ ਬੋਲੀ ਉਪਰ ਉਨ੍ਹਾਂ ਦਾ ਬੜਾ ਉਪਕਾਰ ਹੋਵੇਗਾ।

ਪਹਿਲਾ ਗੀਤ ਜਿਹੜਾ ਮੈਂ ਤੁਹਾਡੀ ਭੇਟਾ ਕਰਦਾ ਹਾਂ, ਪੰਜਾਬ ਦੇ ਵਿਚਲਿਆਂ ਜ਼ਿਲਿਆਂ ਵਿਚ ਬੜਾ ਮਸ਼ਹੂਰ ਏ। ਪਤੀ ਪਰਦੇਸ ਗਿਆ ਏ, ਵਿਜੋਗ ਦੁਖ ਦੇ ਰਿਹਾ ਏ, ਦੇਵੀ ਕੋਠੇ ਤੇ ਬੈਠ ਕਾਂ ਨੂੰ ਕਹਿੰਦੀ ਏ:—

ਉਡੀਂ ਵੇ ਮੇਰੇ ਤਿਲੀਅਰ ਕਾਗਾ,<br>
ਲੰਮੀ ਲਈਂ ਵੇ ਉਡਾਰੀ।<br>
ਜਾ ਆਖੀਂ ਮੇਰੇ ਨੌ-ਸ਼ਹੁ ਦੇ ਡੇਰੇ,<br>
ਗੋਰੀ ਮਨੋਂ ਕਿਉਂ ਵਿਸਾਰੀ?

---

ਗੋਰੀਏ ਨਾ ਮੈਂ ਵਿਸਰੀ ਨਾ ਏਂ ਵਿਸਾਰੀ,<br>
ਹਰ ਦਮ ਲਗਨੀਏਂ ਪਿਆਰੀ।

---

Digitized by Panjab Digital Library | www.panjabdigilib.org

ਬੀਬਾ,ਨਾ ਤੁਸਾਂ ਭੇਜਿਆ ਸੁਖ ਦਾ ਸੁਨੇਹਾ,
ਨਾਂ ਤੁਸਾਂ ਭੇਜੀ ਏ ਚੀਰੀ ।

ਲਾਡੋ ਕੀਹਦੇ ਹੱਥ ਭੇਜਾਂ ਮੈਂ ਸੁਖ ਸੁਨੇਹਾ,
ਕੀਹਦੇ ਹੱਥ ਭੇਜਾਂ ਮੈਂ ਚੀਰੀ ।

---

ਬੀਬਾ ਆਉਂਦੇ ਜਾਂਦੇ ਹੱਥ ਸੁਖ ਦਾ ਸੁਨੇਹਾ,
ਚੀਰੇ ਦੇ ਲੜ ਚੀਰੀ ।

---

ਸਦਕੇ,ਲਿਖਣ ਜੋਗਾ ਕਾਗਤ ਨਹੀਂ ਲਭਦਾ,
ਕਲਮੇ ਜੋਗੀ ਨਹੀਂਓਂ ਸਿਆਹੀ ।

---

ਦਿਲ ਦਾ ਟੁਕੜਾ ਮੈਂ ਕਾਗਤ ਬਨਾਵਾਂ,
ਨੈਨਾਂ ਦੇ ਕਜਲੇ ਦੀ ਸਿਆਹੀ ।

---

ਹੱਥ ਦੀ ਉਂਗਲੀ ਦੀ ਕਲਮ ਬਨਾਵਾਂ,
ਰੋ ਰੋ ਹੰਝੂਆਂ ਦਾ ਪਾਣੀ ।

---

ਲਿਖਣ ਵਾਲਿਆ ਐਸਾ ਤੂੰ ਲਿਖਦੇ,
ਸ਼ਹੁ ਵਾ ਚੜ੍ਹਿਆ ਘਰ ਆਵੇ ।

---

ਬਹਿ ਪਰਛਾਵੇਂ ਮੈਂ ਵਾਚਣ ਲੱਗੀ,
ਨੈਨਾਂ ਪਾਈ ਸੋ ਗ਼ੁਬਾਰੀ !

---

ਨਾ ਡੁਲ੍ਹੋ ਨਾ ਡੁਲ੍ਹੋ ਕਮਲਿਓ ਨੈਨੋਂ,
ਚਿੱਠੀ ਤੇ ਵਾਚਾਂ ਮੈਂ ਸਾਰੀ ।

---

ਹੇ ਤਿਲੀਅਰ ਵਰਗਿਆ ਸੋਹਣਿਆ, ਤੇ ਤੇਜ਼ ਉਡਣ ਵਾਲਿਆ ਕਾਵਾਂ, ਜਾ, ਉੱਡ ਜਾ ।

ਬੜੀ ਲੰਮੀ ਉਡਾਰੀ ਮਾਰ, ਮੇਰੇ ਦਿਲ ਦੇ ਮਾਲਕ ਦੇ ਡੇਰੇ ਪਹੁੰਚਕੇ ਉਹਨੂੰ ਆਖ, ਕਿ ਮੈਂ ਕੀ ਕਸੂਰ ਕੀਤਾ ਏ ਕਿ ਮੈਨੂੰ ਦਿਲੋਂ ਵਿਸਾਰ ਛਡਿਆ ਈ ?

ਨਹੀਂ ਨਹੀਂ ! ਮੇਰਾ ਇਹ ਦਿਲ ਦਾ ਭਰਮ ਏ, ਮੇਰੇ ਪਿਆਰੇ ਨੇ ਮੈਨੂੰ ਕਦੀ ਨਹੀਂ ਵਿਸਾਰਿਆ ਹੋਣਾ । ਮੈਂ ਉਸਨੂੰ ਹਰਦਮ ਪਿਆਰੀ ਲੱਗਨੀ ਆਂ।

ਕਾਵਾਂ, ਜਾਕੇ ਤੂੰ ਮੇਰੇ ਸ਼ਹੁ ਨੂੰ ਕਹੀਂ ਕਿ ਬੀਬਾ ਕਦੀ ਆਪਣੇ ਸੁਖ ਦਾ ਸੁਨੇਹਾ ਤੇ ਭੇਜਣਾ ਸੀ, ਕਦੀ ਕੋਈ ਖ਼ੈਰ-ਖ਼ੈਰੀਅਤ ਦੀ ਚਿੱਠੀ ਹੀ ਪਾ ਛਡਣੀ ਸੀ !

ਕਾਵਾਂ, ਮੇਰਾ ਸੁਨੇਹਾ ਸੁਣਕੇ ਓਸਨੇ ਇਓਂ ਕਹਿਣਾ ਏ ਕਿ ਮੈਂ ਪਰਦੇਸ ਵਿਚ ਕੀਹਦੇ ਹੱਥ ਸੁਖ ਦਾ ਸੁਨੇਹਾ ਤੇ ਚਿੱਠੀ ਭੇਜਾਂ।

ਓਹਨੂੰ ਕਹਿ ਦੇਵੀਂ ਕਿ ਆਉਂਦੇ ਜਾਂਦੇ ਦੇ ਹੱਥ ਕੋਈ ਸੁਨੇਹਾ ਭੇਜ, ਤੇ ਚੀਰੇ ਦੇ ਲੜ ਨਾਲ ਬੰਨ੍ਹ ਕੇ ਚਿੱਠੀ ਭੇਜ ਦੇਵੇ।

ਕਾਵਾਂ,ਮੇਰੇ ਪਿਆਰੇ ਨੇ ਬਹਾਨਾ ਲਾਉਣਾ ਏ, ਕਿ ਪਰਦੇਸ ਵਿਚ ਕਾਗਤ ਕਿਥੋਂ ਲਵਾਂ, ਸਿਆਹੀ ਕਿਥੋਂ ਲਵਾਂ ?

ਉਸਨੂੰ ਕਹਿ ਦੇਣਾ ਕਿ ਜੇ ਕਦੀ ਤੇਰੀ ਪਿਆਰੀ ਨੂੰ ਚਿੱਠੀ ਲਿਖਣ ਦੀ ਜਾਚ ਹੁੰਦੀ, ਤਾਂ ਓਹ ਆਪਣੇ ਦਿਲ ਦੇ ਟੁਕੜੇ ਦਾ ਕਾਗਤ ਬਨਾਕੇ ਨੈਨਾਂ ਦੇ ਕਜਲੇ ਦੀ ਸਿਆਹੀ ਵਿਚ, ਹੰਝੂਆਂ ਦਾ ਪਾਣੀ ਰਲਾਕੇ ਹੱਥ ਦੀ ਉਂਗਲ ਦੀ ਕਲਮ ਨਾਲ ਤੈਨੂੰ ਚਿੱਠੀ ਲਿਖਦੀ, ਤੇ ਇਸਤਰ੍ਹਾਂ ਦੀ ਚਿੱਠੀ ਲਿਖਦੀ ਕਿ ਤੂੰ ਪੜ੍ਹਦਿਆਂ ਸਾਰ ਹੀ ਘਰ ਆ ਜਾਂਦੋਂ ।

ਪਿਆਰੇ ਨੇ-ਸ਼ਹੁ ਦੀ ਚਿੱਠੀ ਆ ਗਈ, ਪਰਛਾਵੇਂ ਬਹਿਕੇ ਮੈਂ ਪਿਆਰੇ ਦੀ ਚਿੱਠੀ ਨੂੰ ਪੜ੍ਹਨ ਲੱਗੀ, ਤੇ ਅੱਖਾਂ ਵਿੱਚੋਂ ਪਾਣੀ ਵੱਗਣ ਲੱਗ ਪਿਆ, ਅੱਖਾਂ ਅੱਗੇ ਹਨੇਰਾ ਆ ਗਿਆ । ਕਮਲਿਓ ਨੈਨੋ, ਨ ਡੁੱਲ੍ਹੋ,

Digitized by Panjab Digital Library / www.panjabdigilib.org

ਮੈਨੂੰ ਆਪਣੇ ਦਿਲ-ਜਾਨੀ ਦੀ ਚਿੱਠੀ ਤਾਂ ਪੜ੍ਹ ਲੈਣ ਦਿਓ।

੨.

ਇਹ ਗੀਤ ਲਹਿੰਦੀ ਜ਼ਬਾਨ ਦੇ ਲਹਿਜੇ ਵਿਚ ਲਿਖਿਆ ਹੋਇਆ ਏ। ਪਤੀ ਪਰਦੇਸ ਜਾਣ ਦੀ ਤਿਆਰੀ ਕੀਤੀ ਏ, ਦੇਵੀ ਉਸਨੂੰ ਮਨ੍ਹਾਂ ਕਰਦੀ ਏ ਕਿ ਪਿਆਰੇ, ਪਰਦੇਸ ਨੂੰ ਨਾ ਜਾ।

-----

ਨਾਂਹ ਵੰਞ ਨਾਂਹ ਵੰਞ,
ਟਿਕਾ ਰਹੁ ਇਥਾਈਂ,ਵੇ ਕਮਲਾ।
ਨਾਂਹ ਵੰਞ ਨਾਂਹ ਵੰਞ!
ਆਪਣੇ ਵਤਨ ਦੀਆਂ ਸਰਦ ਹਵਾਈਂ ਵੇ।
ਅਪਣੇ ਵਤਨ ਦੀਆਂ ਠੰਢੀਆਂ ਛਾਈਂ ਵੇ।
ਰੋਜ਼ੀ-ਰਿਜ਼ਕ ਵੇ ਅੱਲ੍ਹਾ ਦੇਂਦਾ ਸਾਈਂ ਵੇ।
ਨਾਂਹ ਵੰਞ ਨਾਂਹ ਵੰਞ—ਵੇ ਕਮਲਾ।
ਕਮਲੇ ਲੋਕੀ ਲਾਈ ਲਾਈ ਜਾਣੇ ਵੇ।
ਟੁੱਟ ਗਈਆਂ ਯਾਰੀਆਂ ਫੁੱਲ ਕੁਮਲਾਣੇ ਵੇ।
ਵੇ ਕਮਲਾ, ਨਾਂਹ ਵੰਞ ਨਾਂਹ ਵੰਞ!
ਤਨ ਦਾ ਤੰਬੂਰਾ ਰੱਗਾਂ ਦੀਆਂ ਤਾਰਾਂ ਵੇ।
ਲੂੰ ਲੂੰ ਦੇ ਵਿੱਚ ਕਰਨ ਪੁਕਾਰਾਂ ਵੇ।
ਨਾਂਹ ਵੰਞ ਨਾਂਹ ਵੰਞ, ਵੇ ਕਮਲਾ!

ਵੇ ਮੇਰਿਆ ਭੋਲਿਆ ਮਾਹੀਆ, ਪਰਦੇਸ ਨੂੰ ਜਾਣ ਦਾ ਖ਼ਿਆਲ ਛੱਡ ਦੇਹ, ਏਥੇ ਅਪਣੇ ਵਤਨ ਹੀ ਟਿਕਾ ਰਹੁ। ਆਪਣੇ ਵਤਨ ਦੀਆਂ ਠੰਢੀਆਂ ਛਾਵਾਂ, ਅਪਣੇ ਵਤਨ ਦੀਆਂ ਸਰਦ ਹਵਾਵਾਂ ਤੈਨੂੰ ਪਰਦੇਸ ਵਿਚ ਨਹੀਂ ਲਭਣ ਲੱਗੀਆਂ, ਤੂੰ ਰੋਜ਼ੀ ਕਮਾਵਣ ਵਾਸਤੇ ਪਰਦੇਸ ਜਾਣ ਲੱਗਾ ਏਂ, ਸੁ ਓਹ ਰੱਬ ਜਿਹੜਾ ਪਰਦੇਸ ਵਿਚ ਤੈਨੂੰ ਰੋਜ਼ੀ ਦੇਵੇਗਾ, ਉਹ ਇਥੇ ਵੀ ਤੈਨੂੰ ਰੋਜ਼ੀ ਤੇ ਰਿਜ਼ਕ ਦਾ ਘਾਟਾ ਨਹੀਂ ਪੈਣ ਦੇਣ ਲੱਗਾ! ਭੋਲਿਆ,ਪਰਦੇਸ ਵਿਚ ਨਾ ਜਾਈਂ।

ਕਮਲੇ ਲੋਕੀ ਪਰਦੇਸਾਂ ਨੂੰ ਤੁਰੇ ਜਾਂਦੇ ਨੇ, ਉਹ ਇਹ ਨਹੀਂ ਜਾਣਦੇ ਕਿ ਦੂਰ ਰਹਿਣ ਨਾਲ ਪੱਕੀਆਂ ਪ੍ਰੀਤਾਂ ਟੁੱਟ ਜਾਂਦੀਆਂ ਨੇ, ਤੇ ਭਰੀ ਜਵਾਨੀ ਦੇ ਫੁੱਲ ਕੁਮਲਾ ਜਾਂਦੇ ਨੇ! ਭੋਲਿਆ ਇਸ ਰਮਜ਼ ਨੂੰ ਸਮਝ ਤੇ ਪਰਦੇਸ ਜਾਣ ਦਾ ਖਿਆਲ ਛੱਡ।

ਮੇਰਾ ਤਨ ਤੰਬੂਰਾ ਏ, ਮੇਰੀਆਂ ਰੱਗਾਂ ਤੰਬੂਰੇ ਦੀਆਂ ਤਾਰਾਂ ਤੇ ਮੇਰੇ ਇਕ ਇਕ ਲੂੰ ਲੂੰ ਵਿਚੋਂ ਇਹੋ ਅਵਾਜ਼ ਤੇ ਸੁਰ ਨਿਕਲਦੀ ਏ, ਨਾਂਹ ਜਾ, ਨਾਂਹ ਜਾ! ਏਥੇ ਅਪਣੇ ਵਤਨ ਵਿਚ ਹੀ ਰਹੁ, ਰੋਜ਼ੀ ਦੇਣ ਵਾਲਾ ਰੱਬ ਸਾਈਂ ਏ। ਭੋਲਿਆ ਮਾਹੀਆ, ਪਰਦੇਸ ਨਾਂਹ ਜਾ!

[ਬਾਕੀ ਫੇਰ.

ਨੋਟ—'ਫੁਲਵਾੜੀ' ਦੇ ਪਾਠਕ ਇਹ ਸੁਣਕੇ ਪਰਸੰਨ ਹੋਣਗੇ ਕਿ ਪੰਡਤ ਰਾਮ ਸਰਨ ਜੀ ਨੇ ਇਕ ਤਾਂ ਹਰ ਮਹੀਨੇ 'ਫੁਲਵਾੜੀ' ਵਿਚ ਸੁੰਦਰ ਸੁੰਦਰ ਪੰਜਾਬੀ ਦੇ ਗੀਤ ਦੇਣ ਦਾ ਪੱਕਾ ਇਕਰਾਰ ਕਰ ਲਿਆ ਹੈ, ਦੂਜੇ ਇਨ੍ਹਾਂ ਨੇ 'ਪੰਜਾਬ ਦੇ ਗੀਤ' ਨਾਮੀ ਜੋ ਪੁਸਤਕ ਤਿਆਰ ਕੀਤੀ ਹੈ ਅਤੇ ਜਿਸ ਵਿਚ ਬੜੇ ਵਧੀਆ, ਸੂਛ, ਰਸ-ਭਰੇ ਤੇ ਪ੍ਰੇਮ ਭਰੇ ਚੁਣਵੇਂ ਗੀਤ ਇਕੱਠੇ ਕੀਤੇ ਹਨ, ਉਹ "ਦੀ ਪੰਜਾਬ ਪ੍ਰੈਸ ਲਿਮਿਟਿਡ" ਵਲੋਂ ਛਪ ਰਹੀ ਹੈ। ਇਹ ਪੁਸਤਕ ਉਰਦੂ ਤੇ ਗੁਰਮੁਖੀ ਅੱਖਰਾਂ ਵਿਚ ਛਪਕੇ ਬਹੁਤ ਛੇਤੀ ਪੰਜਾਬੀ ਪਿਆਰਿਆਂ ਦੇ ਪਾਸ ਪੁੱਜ ਜਾਏਗੀ।

—:o:—

Digitized by Panjab Digital Library | www.panjabdigilib.org